ਨਾਵਲ

G. 937

# ਚੰਦ੍ਰਕਾਂਤਾ ਦੀ ਛੋਟੀ ਭੈਣ

# ਕੁਸਮਲਤਾ

## ਪਹਿਲਾ ਹਿਸਾ

ਜਿਸਦਾ ਸ਼ਾਸਤ੍ਰੀ ਵਿਚੋਂ ਉਰਦੂ ਤਰਜਮਾਂ

**ਲਾਲਾ ਰਾਮ ਨਾਥ ਸਾਹਿਬ**

ਮਾਲਕ ਅਖਬਾਰ ਹਕ ਪਸੰਦ ਅੰਮ੍ਰਿਤਸਰ ਨੇ
ਕੀਤਾ ਹੈ ਹਸਬ ਫਰਮਾਇਸ਼ ਲਛਮਨ ਦਾਸ
ਪੁਸਤਕਾਂ ਵਾਲੇ ਬਜ਼ਾਰ ਮਾਈ ਸੇਵਾਂ
ਅੰਮ੍ਰਿਤਸਰ ਨੇ

ਚਤਰ ਸਿੰਘ ਪ੍ਰਿੰਟਿੰਗ ਪ੍ਰੈਸ ਅੰਮ੍ਰਿਤਸਰ ਵਿਚ
ਸ. ਜੀਵਨ ਸਿੰਘ ਮੈਨੇਜਰ ਦੇ ਯਤਨ
ਨਾਲ ਛਪਵਾਇਆ।

੧ ੴ ਸਤਿਗੁਰਪ੍ਰਸਾਦਿ ॥

# ਚੰਦ੍ਰ ਕਾਂਤਾ

ਦੀ

# ਛੋਟੀ ਭੈਣ ਕੁਸਮਲਤਾ

ਜਿਸਨੂੰ ਬਾਬੂ ਅਰੂੜ ਸਿੰਘ ਤਾਇਬ
ਪ੍ਰਸਿਧ ਪੰਜਾਬੀ ਉਲਥਾਕਾਰ ਨੇ ਬੜੇ ਜਤਨ ਨਾਲ
ਤਿਆਰ ਕੀਤਾ ॥

# ਪਹਿਲਾ ਭਾਗ

---

## ਪਹਿਲਾ ਅੰਕ

ਬਰਖਾ ਦੀ ਰੁਤ ਹੈ ਅਧੀ ਰਾਤ ਉਜਾੜ ਬੀਆ ਬਾਨ ਰਟੇਲੇ ਮੈਦਾਨ ਵਿਚ ਭੁਜਾਨਕ ਚੁਪ ਚਾਂ ਵਰਤ ਰਹੀ ਹੈ। ਚਾਰੇ ਪਾਸੇ ਇਸਤਰਾਂ ਦਾ ਘੁੰਮ ਘੋਰ ਅੰਧੇਰਾ

ਕਿ ਹਥ ਨੂ ਹਥ ਨਹੀਂ ਸੁਝਦਾ । ਪਰ ਅਜਹੇ ਘੋਰ ਅੰਧੇਰੇ ਵਿਚ ਭੀ ਦੋ ਚੀਜਾਂ ਕਦੀ ਕਦੀ ਅਪਨਾ ਚਾਨਣਾ ਵਿਖਾ ਹੀ ਦੇਂਦੀਆਂ ਹਨ । ਇਕ ਤਾਂ ਅਕਾਸ਼ ਤੋਂ ਬਿਜਲੀ ਦੀ ਚਮਕ ਦਾ ਲਿਸ਼ਕ ਕੇ ਅਲੋਪ ਹੋਣਾ ਦੂਜੇ ਟਟੈਨਿਆਂ ਦੀ ਚਮਕ । ਅਕਾਸ਼ ਤੋਂ ਬਿਜਲੀ ਦੀ ਚਮਕ ਅਰ ਧਰਤੀ ਪਰ ਉਨਾਂ ਕੀੜੇ ਮਕੌੜਿਆਂ ਦੀ ਚਮਕ ਦੇ ਬਿਨਾਂ ਚਾਰੇ ਪਾਸੇ ਚੁਪ ਚਾਂ ਵਰਤੀ ਹੋਈ ਹੈ ਅਜਹੇ ਵੇਲੇ ਜੇਕਰ ਕੋਈ ਅਵਾਜ਼ ਸੁਨਾਈ ਦਿੰਦੀ ਹੈ ਤਾਂ ਕੇਵਲ ਪਤਰਾਂ ਦੇ ਖੜ ਖੜ ਕਰਨ ਦੀ ਜੋ ਹਵਾ ਦੇ ਬਲੇ ਨਾਲ ਮਾਨੋਂ ਤੌੜੀਆਂ ਵਜਾਉਂਦੇ ਹਨ । ਜਿਮੀਂ ਤੋਂ ਅਸਮਾਨ ਤਕ ਇਕ ਹੀ ਸਮਾਂ ਦਿਸਦਾ ਹੈ ਜੇਕਰ ਹਵਾ ਤੇਜ਼ੀ ਨਾਲ ਨਾ ਚਲਦੀ ਤਾਂ ਮੋਹਲੇ ਧਾਰ ਬਰਖਾ ਹੁੰਦੀ ਅਰ ਚਾਰੇ ਪਾਸੇ ਪਾਣੀ ਹੀ ਪਾਣੀ ਦਿਸਦਾ । ਇਚਰਾਂ ਨੂ ਬਿਜਲੀ ਚਮਕੀ ਅਰ ਘੋੜੇ ਦੀਆਂ ਟਾਪਾਂ ਦੀ ਆਵਾਜ ਸੁਣਾਈ ਦਿਤੀ ਇਸ ਵਿਚ ਤਾਂ ਕੋਈ ਸ਼ੰਕਾ ਨਹੀਂ ਕਿ ਕੋਈ ਅਸਵਾਰ ਆ ਰਿਹਾ ਹੈ ਪਰ ਇਹ ਮਲੂਮ ਕਰਨਾ ਲੋੜੀਦਾ ਹੈ ਕਿ ਇਕ ਇਕ ਹਨ ਯਾ ਦੋ? ਠਹਿਰੋ ਨੇੜੇ ਤਾਂ ਆਉਨ ਦਿਓ । ਘੋੜਾ ਕੁਝ ਬਹੁਤ ਤੇਜ ਜਿਹਾ ਚਲਿਆ ਆਉਂਦਾ ਹੈ । ਅਸਵਾਰ ਰਾਹ ਤੋਂ ਸਾਨੂ ਮਲੂਮ ਹੁੰਦਾ ਹੈ ਕਿਉਂ ਜੋ ਇਸ ਵੇਲੇ ਇਸਤਰਾਂ ਦਾ ਹਨੇਰਾ ਹੋਯਾ ਹੋਯਾ ਹੈ ਕਿ ਹਥ ਨੂ ਹਥ ਨਹੀਂ



ਸੁਝਦਾ ਪਰ ਉਹ ਠੀਕ ਉਸੇ ਪਗ ਡੰਡੀ ਪੁਰ ( ਜੋ ਸੱਜੀ ਵਲ ਤੋਂ ਹੁੰਦੀ ਹੋਈ ਜੰਗਲ ਵਿਚ ਸਾਮਨੇ ਦੂਰ ਤਕ ਚਲੀ ਗਈ ਹੈ) ਚਲਿਆ ਆਉਂਦਾ ਹੈ ਆਉਂਦੇ ਹ ਅਸਵਾਰ ਨੇੜੇ ਆ ਗਿਆ ਅਰ ਨਾਲ ਹੀ ਬਿਜਲੀ ਜੋਰ ਨਾਲ ਕੜਕ ਕੇ ਚਮਕੀ ਅਰ ਕੁਝ ਬੂੰਦਾ ਬਾਂਦੀ ਹੋਨ ਲਗੀ ਹੌਲੀ ਹੌਲੀ ਹਵਾ ਭੀ ਚਲਨ ਲਗੀ ਬਿਜਲੀ ਫੇਰ ਲਿਸ਼ਕੀ ਹੁਨ ਦੀ ਚਮਕ ਪਹਿਲੇ ਤੋਂ ਵਧੀਕ ਸੀ । ਉਹ ਅਸਵਾਰ ਵੀ ਨੇੜੇ ਆ ਗਿਆ ਹੁਨ ਸਾਫ ਦਿਖਾਇਆ ਦਿਤਾ ਕਿ ਦੋ ਜੁਆਨ ਬਾਂਕੇ ਸਜੀਲੇ ਹਨ । ਇਕ ਵਾਰੀ ਤਾਂ ਨਹੀਂ ਪਰ ਤਿੰਨ ਚਾਰ ਵਾਰੀ ਦੇ ਬਿਜਲੀ ਲਿਸ਼ਕਨ ਨਾਲ ਇਹੋ ਮਲੂਮ ਹੋਯਾ ਕਿ ਇਕ ਇਨਾਂ ਵਿਚੋਂ ਬਹੁ ਮੁਲੀ ਪੁਸ਼ਾਕ ਪਹਿਨੇ ਅਰ ਆਪਨੇ ਸਾਥੀ ਨਾਲੋਂ ਅਧਿਕ ਸੁੰਦਰ ਅਰ ਦਿਸਨੋਂ ਪਸਨੋਂ ਸੋਹਣਾ ਛੈਲ ਬਾਂਕਾ ਅਤੇ ਹਸਮੁਖ ਹੈ । ਦੂਜਾ ਭਾਵੇਂ ਇਸ ਨਾਲੋਂ ਸੋਹਣਾ ਤਾਂ ਨਹੀਂ ਦਿਸਦਾ ਪਰ ਇਸਦੇ ਹਥਾਂ ਪੈਰਾਂ ਦੀ ਸੁੰਦਰਤਾ ਅਰ ਸਰੀਰ ਦੀ ਸਡੌਲਤਾ ਇਸਦੀ ਮਰਦਾਨਗੀ ਦੀ ਗਵਾਹੀ ਦੇ ਰਹੀ ਸੀ । ਸੁੰਦਰ ਜਵਾਨ ਅਰ ਇਸ ਫੁਰਤੀਲੇ ਜੁਆਨ ਦੀ ਗਲ ਬਾਤ ਤੋਂ ਮਲੂਮ ਹੁੰਦਾ ਹੈ ਕਿ ਦੋਹਾਂ ਵਿਚ ਕਿਸੇ ਖਾਸ ਸਾਕ ਅਰ ਮਾਨਦਾ ਸੰਬੰਧ ਹੈ ਇਸ ਪੁਰ ਭੀ ਮਿਤ੍ਰ-ਤਾਈ ਦੀ ਜੰਜੀਰੀ ਅਰ ਉਸ ਮਿਤ੍ਰਤਾ ਦੀ ਜੋ ਬਾਲਪਨ

ਤੋਂ ਪਰੋਤੀ ਚਲੀ ਆਉਂਦੀ ਸੀ ਬਹੁਤ ਦਿਰ ਤਕ ਝਾਕਾ ਨਾ ਪੈਨ ਦੇਂਦੀ ਸੀ। ਦੋਹਾਂਦੇ ਘੋੜੇ ਉਸੇ ਤੇਜੀਦੀ ਚਾਲ ਨਾਲ ਹਵਾ ਨਾਲ ਗਲਾਂ ਕਰਦੇ ਉਡਦੇ ਚਲੇ ਜਾਂਦੇ ਸਨ, ਪਤਾ ਨਹੀਂ ਇਨਾਂ ਨੂ ਇਹੋ ਜਿਹਾ ਕੇੜਾ ਜਰੂਰੀ ਕੰਮ ਹੈ ਕਿ ਇਹਡਰਾਉਨੀਰਾਤ ਅਰ ਸੁੰਦਮਸਾਨ ਮਦਾਨ ਮਾਂ ਅਰ ਬਿਜਲੀ ਦੀ ਭਿਆਨਕ ਕੜਕ ਭੀ ਇਨਾਂ ਦੇ ਦਿਲਨੂ ਨਾ ਰੋਕ ਸਕੀ। ਇਸੇ ਤਰਾਂ ਇਹ ਲੋਕ ਬਹੁਤ ਦੂਰ ਚਿਰ ਤਕ ਚੁਪ ਚਪੀਤੇ ਵਧੇ ਚਲੇ ਗਏ ਪਰ ਯਾ ਤਾਂ ਮੀਂਹ ਦੇ ਕਾਰਨ ਯਾ ਕਿਸੇ ਖਾਸ ਜਗਾ ਦੇ ਨੇੜੇ ਆ ਜਾਨ ਨਾਲ ਦੋਹਾਂ ਨੇ ਘੋੜਿਆਂ ਦੀ ਚਾਲ ਨਿਮੀ ਕਰ ਦਿਤੀ ਅਰ ਸੁੰਦਰ ਸਜੀਲੇਜੁਵਾਨ ਬਹੁਮਲੀ ਪੁਸ਼ਾਕ ਵਾਲੇ ਨੇ ਆਪਨੇ ਸਾਥੀ ਦੀ ਵਲ ਮੁੜਕੇ ਕਿਹਾ ਪਿਆਰੇ ਭੀਮ ਪ੍ਰਤਾਪ ਸਿੰਘ ਆਸ਼ਾ ਹੈ ਕਿ ਹੁਨ ਅਸਾਂ ਲੋਕਾਂ ਦੀ ਮੇਹਨਤ ਟਿਕਾਨੇ ਲਗੇ ਅਰ ਇਸ ਰਾਤ ਦੀ ਉਖਿਆਈ ਤੋਂ ਖਲਾਸੀ ਪਾਕੇ ਇਕ ਜਗਾ ਅਰਾਮ ਨਾਲ ਬੈਠਨਾ ਨਸੀਬ ਹੋਵੇ।

ਭੀਮ–ਸਭ ਈਸ੍ਵਰ ਦੇ ਹਥ ਹੈ, ਰਾਜ ਕੁਮਾਰ ਅਜੇ ਤਾਂ ਤੁਸਾਨੂ ਬਹੁਤ ਕੁਝ ਕਰਨਾ ਹੈ ਅਜਹੀ ਗਲ ਠੀਕ ਨਹੀਂ।

ਰਾਜਕੁਮਾਰ–ਸਾਡੇ ਕਹਿਨ ਦਾ ਭਾਵ ਕੁਝ ਹੋਰ ਹੈ ਆਰਾਮ ਨਾਲ ਬੈਠਨ ਦਾ ਮਤਲਬ ਨਿਸ਼ਚਿੰਤ



ਇਕ ਜਗਾ ਟਿਕਾਕੇ ਅਗੇ ਲਈ ਲਾਭ ਕਾਰਕ ਵਿਚਾਰ ਕਰਨਾ ਇਹੋ ਸਾਡੀ ਇਛਾ ਹੈ। ਤੈਨੂੰ ਆਪ ਮਲੂਮ ਹੈ ਕਿ ਪਿਤਾ ਜੀ ਅਰ ਅਸਾਂ ਦੋਹਾਂ ਭਰਾਵਾਂ ਪੁਰ ਦੁਸ਼ਟ ਅਧਰਮੀ ਬਲਭਦਰ ਦੀ ਵਲੋਂ ਇਕ ਨਾ ਇਕ ਜਾਸੂਸ ਸਦਾ ਲਗਾ ਰਹਿੰਦਾ ਹੈ। ਹਾਇ ਕੋਈ ਅਜਿਹਾ ਦਿਨ ਭੀ ਹੋਵੇਗਾ ਕਿ ਅਸੀਂ ਆਪਨੇ ਵਡਿਆਂ ਦੇ ਰਾਜ ਨੂੰ ਨੀਚ ਬਲਭਦਰ ਦੇ ਹਥੋਂ ਕਢਕੇ ਫੇਰ ਉਸੇ ਤਰਾਂ ਅਧਿਕਾਰੀ ਹੋਵਾਂਗੇ। ਸਾਡਾ ਪ੍ਰਚੀਨ ਕਿਲਾ ਟੁਟਿਆ ਹੋਯਾ ਇਸ ਪੁਰ ਕਿ ਚਿਰ ਤਕ ਸਾਡੇ ਹੀ ਵਡਿਆਂ ਦਾ ਝੰਡਾ ਝੂਲਦਾ ਰਿਹਾ, ਓਹ ਅਜ ਕਿਹੀ ਭੈੜੀ ਦਸ਼ਾ ਵਿਚ ਹੈ ਕੀ ਫੇਰ ਉਸਦੇ ਭਾਗ ਜਾਗਨ ਗੇ ?

ਭੀਮ–ਜਾਗਨਗੇ ! ਅਰ ਜਰੂਰ ਜਾਗਨੇਗੇ ਪਰ ਆਪਨੇ ਮਨ ਵਿਚ ਨਿਸ਼ਚਾ ਰਖੋ ਕਿ ਇਹ ਕੰਮ ਬੜੀ ਹੁਸ਼ਿਆਰੀ ਅਰ ਦ੍ਰਿੜ ਸੁਭਾਵ ਦਾ ਹੈ। ਆਪਦਾ ਸ਼ਤ੍ਰੂ ਇਸ ਵੇਲੇ ਬੜਾ ਹੀ ਪੁਰਸ਼ਾਰਥੀ ਦ੍ਰਿੜੀ ਅਰ ਜ਼ੂਲਮੀ ਹੋ ਰਿਹਾ ਹੈ, ਜਿਸਦੇ ਸਾਮਨੇ ਠਹਿਰਨਾ ਤਾਂ ਇਕ ਪਾਸੇ ਰਿਹਾ ਅਖਾਂ ਭੀ ਸਾਮਨੇ ਕਰਨੀਆਂ ਕਠਨ ਹਨ। ਇਸ ਵਿਚ ਤਾਂ ਕੋਈ ਸੰਸ਼ਾ ਨਹੀਂ ਕਿ ਤੁਸਾਡੀ ਵਲੋਂ ਉਸਨੂੰ ਖਤਰਾ ਜਰੂਰ ਰਹਿੰਦਾ ਹੈ ਪਰ ਉਸ ਨਾਲ ਆਪਨੂੰ ਉਸਨੂੰ ਭੁਜਵਾਨ ਦੁਸ਼ਮਨ ਸਮਝ ਕੇ ਨਾ ਕੰਮ ਕਰਨਾ ਚਾਹੀਏ ਕਿੰਤੂ ਹੋਰਭੀ ਦਲੇਰੀ ਨਾਲ ਕਿਉਂਕਿ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.